ਮਿੱਠੇ ਬੱਚੇ:- "ਮਿੱਠੇ ਬੱਚੇ :- ਦੇਹ ਸਹਿਤ ਸਭ ਕੁਝ ਭੁੱਲ ਇੱਕ ਬਾਪ ਨੂੰ ਯਾਦ ਕਰੋ ਤਾਂ ਹੀ ਕਹਾਂਗੇ ਮਾਤੇਲੇ ਬੱਚੇ, ਇਸ ਪੁਰਾਣੀ ਦੁਨੀਆਂ ਤੋਂ ਹੁਣ ਤੁਹਾਡੀ ਬੁੱਧੀ ਹੱਟ ਜਾਣੀ ਚਾਹੀਦੀ ਹੈ"

ਪ੍ਰਸ਼ਨ:- ਬਾਪ ਦਾ ਗਿਆਨ ਕਿੰਨ੍ਹਾ ਬੱਚਿਆਂ ਦੀ ਬੁੱਧੀ ਵਿੱਚ ਸਹਿਜ ਹੀ ਬੈਠ ਜਾਂਦਾ ਹੈ?

ਉੱਤਰ:- ਜੋ ਗਰੀਬ ਬੱਚੇ ਹਨ, ਜਿਨ੍ਹਾਂ ਦਾ ਮੋਹ ਨਸ਼ਟ ਹੈ ਅਤੇ ਬੁੱਧੀ ਵਿਸ਼ਾਲ ਹੈ ਉਹਨਾਂ ਦੀ ਬੁੱਧੀ ਵਿੱਚ ਸਾਰਾ ਗਿਆਨ ਸਹਿਜ ਬੈਠ ਜਾਂਦਾ ਹੈ। ਬਾਕੀ ਜਿਨ੍ਹਾਂ ਦੀ ਬੁੱਧੀ ਵਿੱਚ ਰਹਿੰਦਾ ਹੈ - ਸਾਡਾ ਧਨ, ਸਾਡਾ ਪਤੀ... ਉਹ ਗਿਆਨ ਨੂੰ ਧਾਰਨ ਕਰ ਉੱਚ ਪਦਵੀ ਪਾ ਨਹੀਂ ਸਕਦੇ। ਬਾਪ ਦਾ ਬਣਨ ਦੇ ਬਾਦ ਵੀ ਲੌਕਿਕ ਸੰਬੰਧਾਂ ਨੂੰ ਯਾਦ ਕਰਨਾ ਮਾਨਾ ਕੱਚੀ ਸਗਾਈ ਹੈ, ਉਹਨਾਂ ਨੂੰ ਸੋਤੇਲਾ ਕਿਹਾ ਜਾਂਦਾ ਹੈ।

ਗੀਤ:- ਮਰਨਾ ਤੇਰੀ ਗਲੀ ਵਿੱਚ...

ਓਮ ਸ਼ਾਂਤੀ। ਮਿੱਠੇ -ਮਿੱਠੇ ਬੱਚਿਆਂ ਨੇ ਗੀਤ ਦਾ ਅਰਥ ਤਾਂ ਆਪੇਹੀ ਸਮਝਿਆ ਹੋਵੇਗਾ। ਹੁਣ ਜਿਉਂਦੇ ਜੀ ਆਕੇ ਬਾਪ ਦਾ ਬਣਨਾ ਹੈ ਅਤੇ ਪੁਰਾਣੀ ਦੁਨੀਆਂ ਜਿਸਨੂੰ ਰੋਰਵ ਨਰਕ ਕਿਹਾ ਜਾਂਦਾ ਹੈ, ਉਹਨਾਂ ਨੂੰ ਭੁਲਣਾ ਵੀ ਹੈ ਅਤੇ ਛੱਡਣਾ ਵੀ ਹੈ ਹੀ। ਰੋਰਵ ਨਰਕ ਨੂੰ ਭੁੱਲ ਫਿਰ ਸਵਰਗ ਨੂੰ ਯਾਦ ਕਰਨਾ ਹੈ। ਆਪਣੇ ਨੂੰ ਆਤਮਾ ਸਮਝ ਆਪਣੇ ਬਾਪ ਨੂੰ ਯਾਦ ਕਰਨਾ ਹੈ। ਪੁਰਾਣੀ ਦੁਨੀਆ ਬੁੱਧੀ ਤੋਂ ਹਟ ਜਾਣੀ ਚਾਹੀਦੀ ਹੈ। ਉਸ ਦੇ ਲਈ ਪੁਰਸ਼ਾਰਥ ਚਾਹੀਦਾ ਹੈ। ਇਹ ਹੈ ਜਨਮ - ਜਨਮਾਂਤਰ ਦਾ ਕਰਮਬੰਧੰਨ। ਇੱਕ ਜਨਮ ਦਾ ਨਹੀਂ, ਜਨਮ -ਜਨਮਾਂਤਰ ਦਾ ਕਰਮਬੰਧੰਨ ਹੈ। ਕਿੰਨੇ ਪਾਪ, ਕਿਸ - ਕਿਸ ਦੇ ਨਾਲ ਕੀਤੇ ਹਨ, ਉਹ ਸਭ ਜਨਮ ਲੈ ਭੋਗਣੇ ਪੈਂਦੇ ਹਨ। ਤਾਂ ਇਸ ਕਰਮਬੰਧੰਨ ਦੀ ਦੁਨੀਆਂ ਨੂੰ ਭੁੱਲ ਜਾਣਾ ਹੈ। ਇਹ ਛੀ -ਛੀ ਦੁਨੀਆਂ ਹੈ, ਪਤਿਤ ਸ਼ਰੀਰ ਹੈ ਨਾ, ਇਸ ਤੋਂ ਮੋਹ ਮਿਟਾਉਣਾ ਹੈ। ਗਰੀਬਾਂ ਦਾ ਮੋਹ ਸਹਿਜ ਮਿਟ ਜਾਂਦਾ ਹੈ, ਸ਼ਾਹੂਕਾਰਾਂ ਦਾ ਮੁਸ਼ਕਿਲ ਮਿਟਦਾ ਹੈ। ਉਹ ਸਮਝਦੇ ਹਨ ਕਿ ਅਸੀਂ ਸਵਰਗ ਵਿੱਚ ਸੁਖੀ ਬੈਠੇ ਹਾਂ, ਗਰੀਬ ਦੁਖੀ ਹਨ। ਉਵੇਂ ਤਾਂ ਸਾਰਾ ਭਾਰਤ ਗਰੀਬ ਹੈ ਫਿਰ ਉਹਨਾਂ ਵਿੱਚ ਵੀ ਜੋ ਗ਼ਰੀਬ ਹਨ ਉਹ ਝੱਟ ਉਠਾਉਂਦੇ ਹਨ। ਉਹਨਾਂ ਦੇ ਲਈ ਹੀ ਬਾਪ ਆਉਂਦੇ ਹਨ। ਗਰੀਬਾਂ ਨੂੰ ਜਾਸਤੀ ਵਰਸਾ ਮਿਲਦਾ ਹੈ। ਸਭ ਸੈਂਟਰਸ ਵਿੱਚ ਦੇਖੋ ਸ਼ਾਹੂਕਾਰ ਕੋਈ ਮੁਸ਼ਕਿਲ ਠਹਿਰ ਸਕਦੇ ਹਨ। ਇਸਤਰੀਆਂ ਵੀ ਗਰੀਬ ਘਰਾਂ ਦੀਆਂ ਹੀ ਅਉਦੀਆ ਹਨ। ਧਨਵਾਨ ਨੂੰ ਤੇ ਪਤੀ ਤੋਂ ਸੁਖ ਮਿਲਦਾ ਹੈ, ਇਸਲਈ ਉਹਨਾਂ ਨਾਲ ਬੁੱਧੀਯੋਗ ਟੁੱਟ ਨਹੀਂ ਸਕਦਾ। ਗਰੀਬ ਹੀ ਅਕਸਰ ਕਰਕੇ ਗਿਆਨ ਲੈਂਦੇ ਹਨ। ਬਾਪ ਹੈ ਹੀ ਗਰੀਬ ਨਿਵਾਜ਼। ਜਿਸ ਬਾਪ ਨੂੰ ਸਭ ਯਾਦ ਕਰਦੇ ਹਨ। ਪਰ ਡਰਾਮੇ ਅਨੁਸਾਰ ਭਗਤ ਭਗਵਾਨ ਨੂੰ ਜਾਣਦੇ ਨਹੀਂ ਹਨ। ਭਗਵਾਨ ਤੇ ਹੈ ਹੀ ਭਗਤਾਂ ਦਾ ਰਖਵਾਲਾ। ਭਗਤੀ ਦਾ ਫ਼ਲ ਦੇਣ ਵਾਲਾ, ਸਦਗਤੀ ਦਾਤਾ ਇੱਕ ਬਾਪ ਹੈ। ਤੁਸੀਂ ਬੱਚੇ ਬਾਪ ਦਵਾਰਾ ਹੁਣ ਗਿਆਨ ਦੀਆਂ ਗੱਲਾਂ ਸੁਣ ਰਹੇ ਹੋ। ਉਹ ਗਿਆਨ ਉਹਨਾਂ ਹੀ ਬੱਚਿਆਂ ਦੀ ਬੁੱਧੀ ਵਿੱਚ ਬੈਠਦਾ ਹੈ ਜਿਨ੍ਹਾਂ ਦੀ ਬੁੱਧੀ ਵਿਸ਼ਾਲ ਹੈ, ਮੋਹ ਨਸ਼ਟ ਹੈ। ਜਿਨ੍ਹਾਂ ਦੀ ਬੁੱਧੀ ਵਿੱਚ ਰਹਿੰਦਾ ਹੈ ਕਿ ਸਾਡਾ ਪਤੀ, ਸਾਡਾ ਧਨ ਆਦਿ ਹੈ, ਉਹ ਉੱਚ ਪਦਵੀ ਪਾ ਨਹੀਂ ਸਕਦੇ। ਪਦਵੀ ਉਹ ਪਾਉਂਦੇ ਹਨ ਜੋ ਰਚਤਾ ਅਤੇ ਰਚਨਾ ਦਾ ਪਰੀਚੇ ਦਿੰਦੇ ਹਨ। ਬਾਪ ਨੂੰ ਪਹਿਚਾਣੇ ਬਿਗਰ ਵਰਸਾ ਕਿਵੇਂ ਮਿਲੇ? ਸਾਜਨ ਨੂੰ ਸਿਰਫ਼ ਸਾਜਨ ਕਹਿਣ ਨਾਲ ਫ਼ਾਇਦਾ ਨਹੀਂ ਹੋ ਸਕਦਾ। ਜਾਣੇ ਪਹਿਚਾਣੇ ਬਿਗਰ ਸਾਜਨ ਨਾਲ ਸਗਾਈ ਕਿਵੇਂ ਹੋ ਸਕਦੀ ਹੈ? ਕੰਨਿਆ ਦੀ ਸਗਾਈ ਹੁੰਦੀ ਹੈ ਤਾਂ ਉਹਨਾਂ ਨੂੰ ਚਿੱਤਰ ਆਦਿ ਦਿਖਾਉਂਦੇ ਹਨ। ਫਲਾਣੇ ਦਾ ਬੱਚਾ ਹੈ, ਇਹ ਆਕੂਪੇਸ਼ਨ ਹੈ। ਅੱਗੇ ਦਿਖਾਉਂਦੇ ਨਹੀਂ ਸਨ, ਇਵੇਂ ਹੀ ਵਿਆਹ ਕਰ ਦਿੰਦੇ ਸਨ। ਤਾਂ ਵੀ ਉਹਨਾਂ ਦਾ ਆਕੂਪੇਸ਼ਨ ਦੱਸਦੇ ਹਨ ਨਾ। ਇੱਥੇ ਕੋਈ - ਕੋਈ ਬੱਚੇ ਆਪਣੇ ਬਾਪ ਨੂੰ ਮਤਲਬ ਸਾਜਨ ਨੂੰ ਜਾਣਦੇ ਹੀ ਨਹੀਂ ਹਨ ਤਾਂ ਸਗਾਈ ਕਿਵੇਂ ਹੋਵੇ? ਨੰਬਰਵਾਰ ਹਨ। ਕਈਆਂ ਦੀ ਕੱਚੀ ਸਗਾਈ ਹੈ। ਪਾਰਲੌਕਿਕ ਸਾਜਨ ਨੂੰ ਯਾਦ ਨਹੀਂ ਕਰਦੇ, ਲੌਕਿਕ ਸਾਜਨ ਨੂੰ ਲੌਕਿਕ ਸੰਬੰਧੀਆਂ ਆਦਿ ਨੂੰ ਯਾਦ ਕਰਦੇ ਰਹਿੰਦੇ ਤਾਂ ਗੋਇਆ ਕੱਚੀ ਸਗਾਈ ਹੈ। ਉਹਨਾਂ ਨੂੰ ਸੌਤੇਲੇ ਬੱਚੇ ਕਿਹਾ ਜਾਂਦਾ ਹੈ। ਪੱਕੇ ਨੂੰ ਮਾਤੇਲੇ ਬੱਚੇ ਕਿਹਾ ਜਾਂਦਾ ਹੈ। ਮਾਤੇਲੇ ਬੱਚੇ ਬਹੁਤ ਥੋੜੇ ਹਨ। ਭੱਠੀ ਵਿੱਚ ਇੰਨੇ ਪਏ ਉਹਨਾਂ ਵਿਚੋਂ ਕਿੰਨੇ ਕੱਚੇ ਨਿਕਲ ਪਏ। ਆਪਣੇ ਸਾਜਨ ਨੂੰ ਪਹਿਚਾਣਦੇ ਹੀ ਨਹੀਂ। ਜਿਵੇਂ ਪਾਰਾ ਹਥੇਲੀ ਤੇ ਠਹਿਰਦਾ ਨਹੀਂ ਹੈ ਨਾ, ਉਵੇਂ ਹੀ ਯਾਦ ਵੀ ਇੰਨੀ ਮੁਸ਼ਕਿਲ ਹੈ। ਘੜੀ - ਘੜੀ ਭੁੱਲ ਜਾਂਦੇ ਹਨ। 25 -30 ਵਰ੍ਹੇ ਵਾਲੇ ਵੀ ਪੂਰਾ ਯਾਦ ਨਹੀਂ ਕਰ ਸਕਦੇ ਹਨ। ਤੁਸੀਂ ਜਾਣਦੇ ਹੋ ਪਾਰਲੌਕਿਕ ਸਾਜਨ ਸਵਰਗ ਦੇ 21 ਜਨਮ ਲਈ ਮਹਾਰਾਜਾ -ਮਹਾਰਾਣੀ ਬਣਾਉਣ ਵਾਲੇ ਹਨ। ਸ੍ਰਿਸਟੀ ਦੇ ਆਦਿ - ਮੱਧ -ਅੰਤ ਨੂੰ ਜਾਣਨ ਵਾਲਾ ਹੈ। ਸਜਨੀਆਂ ਨੂੰ ਇਨਾਂ ਸਮਝਾਉਂਦੇ ਹਨ ਤਾਂ ਵੀ ਬੁੱਧੀ ਵਿੱਚ ਬੈਠਦਾ ਨਹੀਂ ਹੈ। ਬੁੱਧੀ ਪੁਰਾਣੀ ਦੁਨੀਆਂ ਦੇ ਬੰਧਨਾਂ ਵਿੱਚ ਭਟਕਦੀ ਰਹਿੰਦੀ ਹੈ। ਸਮਝਦੇ ਨਹੀਂ ਹਨ ਕਿ ਮੈਂ ਬੰਧੰਨ ਵਿੱਚ ਹਾਂ। ਸੰਬੰਧ ਤਾਂ ਚਾਹੀਦਾ ਹੈ ਇੱਕ ਦਾ। ਬਾਕੀ ਸਭ ਹੈ ਬੰਧੰਨ। ਬੱਚਿਆਂ ਨੂੰ ਸਮਝਾਇਆ ਜਾਂਦਾ ਹੈ - ਇੱਕ ਨਾਲ ਸੰਬੰਧ ਰੱਖੋ, ਉਹ ਤੁਹਾਨੂੰ ਸ੍ਰਿਸਟੀ ਦੇ ਆਦਿ -ਮੱਧ - ਅੰਤ ਦੀ ਸਿੱਖਿਆ ਦਿੰਦੇ ਹਨ।

ਤੁਸੀਂ ਜਾਣਦੇ ਹੋ - ਅੱਧਾਕਲਪ ਹੈ ਗਿਆਨ ਕਾਂਡ, ਅੱਧਾਕਲਪ ਹੈ ਭਗਤੀ ਕਾਂਡ। ਗਿਆਨ ਕਾਂਡ ਵਿੱਚ ਤਾਂ 21 ਜਨਮਾਂ ਦਾ ਵਰਸਾ ਮਿਲਦਾ ਹੈ। ਉੱਥੇ ਹੈ ਸਤੋਪ੍ਰਧਾਨ ਫਿਰ ਸਤੋਪ੍ਰਧਾਨ ਤੋਂ ਥਲੇ ਸਤੋ ਵਿੱਚ ਫਿਰ ਸਤੋ ਤੋਂ ਡਿੱਗਕੇ ਰਜੋ ਵਿੱਚ ਆਉਣਾ ਹੈ। ਜਦੋਂ ਸਤੋ ਪੂਰਾ ਹੁੰਦਾ ਹੈ ਤਾਂ ਗਿਆਨ ਕਾਂਡ ਪੂਰਾ ਹੋ ਜਾਂਦਾ ਹੈ। ਦਵਾਪਰ ਤੋਂ ਭਗਤੀ ਸ਼ੁਰੂ ਹੁੰਦੀ ਹੈ। ਉਹ ਵੀ ਪਹਿਲੇ ਸਤੋਪ੍ਰਧਾਨ ਭਗਤੀ ਹੁੰਦੀ ਹੈ। ਫਿਰ

ਭਗਤੀ ਵੀ ਸਤੋ - ਰਜੋ - ਤਮੋਂ ਵਿੱਚ ਆਉਂਦੀ ਹੈ। ਵਿਭਚਾਰੀ ਹੋਣ ਨਾਲ ਫਿਰ ਭਗਤੀ ਡਿੱਗਦੀ ਜਾਂਦੀ ਹੈ। ਹੁਣ ਇਹ ਜਾਨਣਾ ਅਤੇ ਕਿਸੇਨੂੰ ਸਮਝਾਉਣਾ ਤਾਂ ਬਹੁਤ ਸਹਿਜ ਹੈ। ਤੁਸੀਂ ਬੱਚਿਆਂ ਨੂੰ ਰੋਰਵ ਨਰਕ ਤੋਂ ਸੰਬੰਧ ਤੋੜ ਇੱਕ ਨਾਲ ਰੱਖਣਾ ਚਾਹੀਦਾ ਹੈ। ਇੱਕ ਬਾਪ ਨਾਲ ਸੰਬੰਧ ਰੱਖਣ ਦੀ ਪ੍ਰੈਕਟਿਸ ਕਰੋ। ਬਾਪ ਦੀ ਯਾਦ ਕਰਨ ਨਾਲ ਹੀ ਵਿਕਰਮ ਵਿਨਾਸ਼ ਹੋਣਗੇ। ਗ਼ਰੀਬ ਚੰਗੀ ਮਿਹਨਤ ਕਰਦੇ ਹਨ। ਤਾਂ ਬਲਿਹਾਰੀ ਗਰੀਬਾਂ ਦੀ ਹੈ। ਬਾਪ ਵੀ ਗਰੀਬਾ ਤੇ ਬਲਿਹਾਰ ਜਾਂਦੇ ਹਨ। ਸ਼ੁਰੂਆਤ ਵਿੱਚ ਕਿੰਨੇ ਗੋਪ ਸਨ, ਕਿੰਨੀਆਂ ਮਾਤਾਵਾਂ ਸਨ! ਕਿੰਨੇ ਖ਼ਤਮ ਹੋ ਗਏ, ਬਾਕੀ ਥੋੜ੍ਹੇ ਰਹੇ ਹਨ। ਮਾਤਾਵਾਂ ਵੀ ਥੋੜੀਆਂ ਰਹੀਆਂ ਹਨ, ਕੋਈ ਕੋਈ ਸ਼ਾਹੂਕਾਰ ਘਰ ਦੀ ਵੀ ਰਹਿ ਗਈ। ਜਿਵੇਂ ਕਵੀਨ ਮਦਰ, ਦੇਵੀ ਆਦਿ। ਹੁਣ ਤੁਹਾਨੂੰ ਮੂਲ ਗੱਲ ਸਮਝਾਣੀ ਹੈ ਕਿ ਜਿਸ ਭਗਵਾਨ ਨੂੰ ਸਭ ਯਾਦ ਕਰਦੇ ਹਨ, ਉਹਨਾਂ ਦਾ ਪਰਿਚੇ ਕੀ ਹੈ? ਪਤਿਤ - ਪਾਵਨ ਬਾਪ ਜੋ ਰਾਜਯੋਗ ਸਿਖਾਕੇ ਨਰ ਤੋਂ ਨਰਾਇਣ ਬਣਾਉਂਦੇ ਹਨ, ਉਹਨਾਂ ਨੂੰ ਨਹੀਂ ਜਾਣੋਗੇ ਤਾਂ ਤੁਸੀਂ ਪਾਪ ਕਰਦੇ ਰਹੋਗੇ, ਬਾਪ ਨੂੰ ਗਾਲੀ ਦਿੰਦੇ ਰਹੋਗੇ, ਸਮੇਲਨ ਤਾਂ ਬਹੁਤ ਹੁੰਦੇ ਰਹਿੰਦੇ ਹਨ। ਉੱਥੇ ਸਮਝਾਉਣ ਵਾਲੇ ਬੜੇ ਤਿੱਖੇ ਚਾਹੀਦੇ ਹਨ। ਸਮਝਾਉਣਾ ਚਾਹੀਦਾ ਹੈ ਤੁਸੀਂ ਵੇਦਾਂ ਦੀ ਮਹਿਮਾ ਸਮਝਦੇ ਹੋ, ਪਰ ਇਸ ਨਾਲ ਕੋਈ ਫਾਇਦਾ ਹੁੰਦਾ ਨਹੀਂ। ਫ਼ਾਇਦਾ ਤੇ ਇੱਕ ਬਾਪ ਕੋਲੋਂ ਹੀ ਹੁੰਦਾ ਹੈ, ਜਿਸਨੂੰ ਅਸੀਂ ਜਾਣਦੇ ਹਾਂ, ਤੁਸੀਂ ਨਹੀਂ ਜਾਣਦੇ ਹੋ। ਆਓ ਤਾਂ ਅਸੀਂ ਤੁਹਾਨੂੰ ਸਮਝਾਈਏ। ਬਾਪ ਨੂੰ ਪਹਿਚਾਨਣ ਬਿਨਾਂ ਵਰਸਾ ਕਿਵੇਂ ਮਿਲੇਗਾ? ਬਾਪ ਦਾ ਵਰਸਾ ਹੈ ਮੁਕਤੀ - ਜੀਵਨਮੁਕਤੀ, ਗਤੀ - ਸਦਗਤੀ। ਇਹ ਅੱਖਰ ਸੁਣਾਉਂਦੇ ਹੀ ਬਾਪ ਹਨ। ਤੁਸੀਂ ਬੱਚਿਆਂ ਨੂੰ ਯਾਦ ਰੱਖਣਾ ਚਾਹੀਦਾ ਹੈ। ਹੋਰ ਕਿਸੇ ਚੀਜ਼ ਨਾਲ ਫ਼ਾਇਦਾ ਨਹੀਂ ਹੈ। ਬਾਪ ਨੂੰ ਅਤੇ ਰਚਨਾ ਦੇ ਆਦਿ -ਮੱਧ - ਅੰਤ ਨੂੰ ਜਾਨਣਾ ਹੈ। ਇਸ ਵਿੱਚ ਵੀ ਅੱਧਾਕਲਪ ਹੈ ਭਗਤੀ ਕਾਂਡ, ਅੱਧਾ ਕਲਪ ਹੈ ਸਦਗਤੀ, ਗਿਆਨ ਕਾਂਡ। ਭਾਵੇਂ ਸਮੇਲਨ ਕਰਦੇ ਹਨ, ਪਰ ਖੁਦ ਹੀ ਮੂੰਝੇ ਹੋਏ ਹਨ। ਸਮਝਦੇ ਕੁਝ ਵੀ ਨਹੀਂ। ਤੁਹਾਨੂੰ ਸਭ ਨੂੰ ਬਾਪ ਦਾ ਪਰੀਚੈ ਦੇਣਾ ਹੈ। ਜਦੋਂ ਬਹੁਤਿਆਂ ਨੂੰ ਪਰੀਚੇ ਮਿਲ ਜਾਵੇਗਾ ਫਿਰ ਕਹਾਂਗੇ ਕਮਾਲ ਹੈ। ਇਹ ਤਾਂ ਸਾਰੇ ਸ੍ਰਿਸ਼ਟੀ ਦੇ ਆਦਿ - ਮੱਧ - ਅੰਤ ਦਾ ਰਾਜ਼ ਚਿੱਤਰਾਂ ਸਹਿਤ ਦੱਸਦੇ ਹਨ। ਮਾਤਾਵਾਂ ਨੂੰ ਬੜਾ ਨਸ਼ਾ ਰਹਿਣਾ ਚਾਹੀਦਾ ਹੈ। ਪੁਰਸ਼ ਮਦਦ ਦੇ ਲਈ ਤਿਆਰ ਹਨ, ਡਾਇਰੈਕਸ਼ਨ ਬਾਪ ਦਿੰਦੇ ਹਨ। ਕਰਨਾ ਕੰਨਿਆਵਾਂ - ਮਾਤਾਵਾਂ ਨੂੰ ਹੈ। ਅੱਜਕਲ ਕੰਨਿਆਵਾਂ - ਮਾਤਾਵਾਂ ਦੀ ਮਹਿਮਾ ਜਾਸਤੀ ਹੈ। ਗਵਰਨਰ, ਪ੍ਰਾਇਮਮਨਿਸਟਰ ਵੀ ਮਾਤਾਵਾਂ ਬਣਦੀਆਂ ਹਨ। ਇੱਕ ਪਾਸੇ ਹੈ ਉਹ ਮਾਤਾਵਾਂ, ਇੱਕ ਪਾਸੇ ਹੈ ਤੁਸੀਂ ਪਾਂਡਵਾਂ ਦੀਆਂ ਮਾਤਾਵਾਂ। ਉਹਨਾਂ ਨੂੰ ਹੀ ਉੱਛਲ ਜਿਆਦਾ ਹੈ ਕਿਉਂਕਿ ਉਹਨਾਂ ਦਾ ਰਾਜ ਹੈ। ਤੁਹਾਨੂੰ ਤਾਂ ਤਿੰਨ ਪੈਰ ਪ੍ਰਿਥਵੀ ਦੇ ਕਦੀ ਵੀ ਨਹੀਂ ਮਿਲਦੇ ਹਨ।

ਬਾਪ ਤੁਹਾਨੂੰ ਬੱਚਿਆਂ ਨੂੰ ਅਨੇਕ ਰਾਜ਼ ਸਮਝਾਉਂਦੇ ਰਹਿੰਦੇ ਹਨ। ਤੁਸੀਂ ਹੁਣ ਸਵਰਗ ਦਾ ਵਰਸਾ ਪਾਉਂਦੇ ਹੋ। ਸਾਜਨ ਤੁਹਾਨੂੰ ਸ਼ਿੰਗਾਰਦੇ ਹਨ। ਮਹਾਰਾਣੀ ਬਣਾ ਦਿੰਦੇ ਹਨ। ਅਜਿਹੇ ਸਾਜਨ ਨਾਲ ਬੁੱਧੀਯੋਗ ਨਾ ਰੱਖਣਾ, ਇਹ ਤਾਂ ਬੜੀ ਭਾਰੀ ਭੁੱਲ ਹੈ। ਬੱਚਿਆਂ ਨੂੰ ਸਮਝਾਉਂਦੇ ਤਾਂ ਬਹੁਤ ਹਨ। ਤੁਸੀਂ ਸਿਰਫ਼ ਗਿਆਨ ਅਤੇ ਭਗਤੀ ਦਾ ਕੰਨਟਰਾਸਟ ਦੱਸੋ। ਭਾਰਤ ਵਿੱਚ ਹੀ ਗਾਇਆ ਹੋਇਆ ਹੈ - ਦੁੱਖ ਵਿੱਚ ਸਿਮਰਨ ਸਭ ਕਰਨ, ਸੁਖ ਵਿੱਚ ਕਰੇ ਨਾ ਕੋਈ, ਸੁਖ ਵਿੱਚ ਕਿਉਂ ਯਾਦ ਕਰਨਗੇ? ਹੁਣ ਉਹ ਨਵੀ ਦੁਨੀਆਂ ਸਥਾਪਨ ਹੋ ਰਹੀ ਹੈ। ਪਰ ਸੁਖ ਦਾ ਵਰਸਾ ਵੀ ਪੂਰਾ ਲੈਣਾ ਚਾਹੀਦਾ ਹੈ। ਮਾਤ - ਪਿਤਾ ਜਾਣਦੇ ਹਨ ਹਰ ਇੱਕ ਕਿੰਨਾ ਲਾਇਕ ਹੈ। ਮੌਤ ਜਦੋਂ ਨਜ਼ਦੀਕ ਆਏਗੀ ਤਾਂ ਦੱਸਣਗੇ ਤੁਸੀਂ ਪੁਰਸ਼ਾਰਥ ਪੂਰਾ ਨਹੀਂ ਕੀਤਾ ਹੈ, ਇਸਲਈ ਤੁਹਾਡਾ ਇਵੇਂ ਹਾਲ ਹੋਇਆ ਹੈ। ਇਹ ਵੀ ਦੱਸਣਗੇ ਕਿ ਤੁਸੀਂ ਕਿਸ ਕਿਸਮ ਦੀ ਪ੍ਰਜਾ ਵਿੱਚ ਜਾਓਗੇ। ਕਿਸ ਕਿਸਮ ਦੇ ਨੌਕਰ - ਚਾਕਰ ਬਣੋਗੇ, ਸਭ ਦੱਸਣਗੇ। ਅੱਛਾ!

ਬੱਚੇ ਸਮਝਦੇ ਹਨ ਅੱਜ ਅਸੀਂ ਮੁਰਲੀ ਬਹੁਤ ਵਧੀਆ ਚਲਾਈ। ਪਰ ਨਹੀਂ, ਇਹ ਤਾਂ ਸ਼ਿਵਬਾਬਾ ਆਕੇ ਮਦਦ ਕਰਦੇ ਹਨ। ਆਪਣਾ ਹੰਕਾਰ ਨਹੀਂ ਹੋਣਾ ਚਾਹੀਦਾ। ਤੁਹਾਨੂੰ ਤਾਂ ਬਾਪ ਸਿਖਾਉਂਦੇ ਹਨ ਜੋ ਤੁਸੀਂ ਸੁਣਾਉਂਦੇ ਹੋ। ਬਾਪ ਨਾ ਹੁੰਦਾ ਤਾਂ ਤੁਹਾਡੀ ਮੁਰਲੀ ਕਾਹੇ ਦੀ। ਮੁਰਲੀਧਰ ਬੱਚਿਆਂ ਨੂੰ ਮੁਰਲੀਧਰ ਬਣਨਾ ਚਾਹੀਦਾ ਹੈ, ਨਹੀਂ ਤਾਂ ਉੱਚ ਪਦਵੀ ਪਾ ਨਹੀਂ ਸਕੋਂਗੇ। ਭਾਵੇਂ ਕੁਝ ਨਾ ਕੁਝ ਫ਼ਾਇਦਾ ਹੋ ਜਾਂਦਾ ਹੈ, ਕਈ ਸੈਂਟਰਸ ਖੋਲ੍ਹਦੇ ਹਨ ਤਾਂ ਬਹੁਤ ਆਸ਼ੀਰਵਾਦ ਮਿਲਦੀ ਹੈ। ਇਨਾਂ ਸਮਾਂ ਪੜ੍ਹਾਈ ਕੀਤੀ ਹੈ ਤਾਂ ਆਪੇਹੀ ਸਰਵਿਸ ਕਰ ਸੈਂਟਰਸ ਜਮਾਨਾ ਚਾਹੀਦਾ ਹੈ। ਖੁਦ ਸਿੱਖਦੇ ਹਨ ਤਾਂ ਕੀ ਹੋਰਾਂ ਨੂੰ ਨਹੀਂ ਸਿਖਾ ਸਕਦੇ? ਬ੍ਰਹਮਾਕੁਮਰੀ ਦੀ ਮੰਗਣੀ ਕਰਾਉਂਦੇ ਹਨ ਤਾਂ ਬਾਬਾ ਸਮਝ ਜਾਂਦੇ ਹਨ, ਸ਼ਾਇਦ ਖੁਦ ਵਿੱਚ ਇਨਾਂ ਗਿਆਨ ਨਹੀਂ ਹੈ। ਬਾਕੀ ਇੱਥੇ ਆਕੇ ਕੀ ਕਰਦੇ ਹਨ। ਬਾਬਾ ਤੇ ਸਮਝਾਉਂਦੇ ਹਨ - ਬੱਦਲ ਆਉਣ, ਰਿਫ੍ਰੈਸ਼ ਹੋਕੇ ਜਾਣ, ਵਰਖਾ ਵਰਸਾਉਣ। ਨਹੀਂ ਤਾਂ ਪਦਵੀ ਕਿਵੇਂ ਪਾਉਣਗੇ? ਮੰਮਾ - ਬਾਬਾ ਕਹਿੰਦੇ ਹੋ ਤਾਂ ਗੱਦੀ ਫੜਕੇ ਦਿਖਾਓ। ਇਹ ਵੀ ਕਿਸੇ ਨੂੰ ਹੰਕਾਰ ਨਹੀਂ ਆਉਣਾ ਚਾਹੀਦਾ ਕਿ ਅਸੀਂ ਦਿੱਤਾ। ਤੁਸੀਂ ਕੁਝ ਵੀ ਨਾ ਦਵੋ, ਬਾਬਾ ਤੁਹਾਨੂੰ ਕੌਡੀ ਦੇ ਬਦਲੇ ਹੀਰਾ ਦੇਣ ਤੋਂ ਵੀ ਛੁੱਟ ਜਾਏਗਾ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇਰੋ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਇੱਕ ਦੇ ਨਾਲ ਸਰਵ ਸੰਬੰਧ ਰੱਖ ਬੁੱਧੀਯੋਗ ਅਨੇਕ ਸੰਬੰਧਾਂ ਤੋਂ ਨਿਕਾਲ ਲੈਣਾ ਹੈ। ਇੱਕ ਦੇ ਨਾਲ ਪੱਕੀ ਸਗਾਈ ਕਰਨੀ ਹੈ। ਬੁੱਧੀਯੋਗ ਭਟਕਾਉਣਾ ਨਹੀਂ ਹੈ।

2. ਬਾਪ ਸਮਾਨ ਮੁਰਲੀਧਰ ਬਣਨਾ ਹੈ, ਮੈਂ ਚੰਗੀ ਮੁਰਲੀ ਚਲਾਈ - ਇਸ ਹੰਕਾਰ ਵਿੱਚ ਨਹੀਂ ਆਉਣਾ ਹੈ। ਬੱਦਲ ਭਰਕੇ ਵਰਖਾ ਕਰਨੀ ਹੈ। ਪੜ੍ਹਾਈ ਕੀਤੀ ਹੈ ਤਾਂ ਸੈਂਟਰਸ ਜਮਾਉਣਾ ਹੈ।

ਵਰਦਾਨ:- ਬਾਪ ਨੂੰ ਸਾਹਮਣੇ ਰੱਖ ਈਰਖਾ ਰੂਪੀ ਪਾਪ ਤੋਂ ਬਚਨ ਵਾਲੇ ਵਿਸ਼ੇਸ਼ ਆਤਮਾ ਭਵ

ਬ੍ਰਾਹਮਣ ਆਤਮਾਵਾਂ ਵਿੱਚ ਹਮਸ਼ਰੀਕ ਹੋਣ ਦੇ ਕਾਰਨ ਈਰਖਾ ਪੈਦਾ ਹੁੰਦਾ ਹੈ, ਈਰਖਾ ਦੇ ਕਾਰਨ ਸੰਸਕਾਰਾਂ ਦਾ ਟੱਕਰ ਹੁੰਦਾ ਹੈ ਪਰ ਇਸ ਵਿੱਚ ਵਿਸ਼ੇਸ਼ ਸੋਚੋ ਕਿ ਜੇਕਰ ਹਮਸ਼ਰੀਕ ਕਿਸੇ ਵਿਸ਼ੇਸ਼ ਕੰਮ ਦੇ ਨਿਮਿਤ ਬਣਿਆ ਹੈ ਤਾਂ ਉਹਨਾਂ ਨੂੰ ਨਿਮਿਤ ਬਨਾਉਣ ਵਾਲੇ ਕੌਣ! ਬਾਪ ਨੂੰ ਸਾਹਮਣੇ ਲਿਆਓ ਤਾਂ ਈਰਖਾ ਰੂਪੀ ਮਾਇਆ ਭੱਜ ਜਾਏਗੀ। ਜੇਕਰ ਕਿਸੇ ਦੀ ਗੱਲ ਤੁਹਾਨੂੰ ਚੰਗੀ ਨਹੀਂ ਲਗਦੀ ਹੈ ਤਾਂ ਸ਼ੁਭ ਭਾਵਨਾ ਨਾਲ ਉੱਪਰ ਦੋ, ਈਰਖਾ ਵਸ਼ ਨਹੀਂ। ਆਪਸ ਵਿੱਚ ਰੇਸ ਕਰੋ, ਰੀਸ ਨਹੀਂ ਤਾ ਵਿਸ਼ੇਸ਼ ਆਤਮਾ ਬਣ ਜਾਓਗੇ।

ਸਲੋਗਨ:- ਬਾਪ ਨੂੰ ਆਪਣਾ ਸਾਥੀ ਬਣਾਕੇ ਮਾਇਆ ਦੇ ਖੇਡ ਨੂੰ ਸਾਕਸ਼ੀ ਹੋ ਦੇਖਦੇ ਚੱਲੋ।

******

ਮਾਤੇਸਵਰੀ ਜੀ ਦੇ ਮਧੁਰ ਮਹਾਵਾਕ : ਆਪਣਾ ਅਸਲੀ ਲਕਸ਼ ਕੀ ਹੈ?

ਪਹਿਲੇ ਪਹਿਲੇ ਇਹ ਜਾਨਣਾ ਜਰੂਰ ਹੈ ਕਿ ਆਪਣਾ ਅਸਲੀ ਲਕਸ਼ ਕੀ ਹੈ? ਉਹ ਵੀ ਚੰਗੀ ਤਰ੍ਹਾਂ ਬੁੱਧੀ ਵਿੱਚ ਧਾਰਨ ਕਰਨਾ ਹੈ ਫਿਰ ਹੀ ਪੂਰੀ ਤਰ੍ਹਾਂ ਉਸ ਲਕਸ਼ ਵਿੱਚ ਉਪਸਥਿਤ (ਹਾਜ਼ਿਰ) ਹੋ ਸਕੋਗੇ। ਤੁਹਾਡਾ ਅਸਲੀ ਲਕਸ਼ ਹੈ - ਮੈਂ ਆਤਮਾ ਉਸ ਪਰਮਾਤਮਾ ਦੀ ਸੰਤਾਨ ਹਾਂ। ਅਸਲ ਵਿੱਚ ਕਰਮਾਤੀਤ ਹਾਂ ਫਿਰ ਆਪਣੇ ਆਪ ਨੂੰ ਭੁੱਲਣ ਨਾਲ ਕਰਮਬੰਧੰਨ ਵਿੱਚ ਆ ਗਈ, ਹੁਣ ਫਿਰ ਤੋਂ ਉਹ ਯਾਦ ਆਉਣ ਨਾਲ, ਇਸ ਈਸ਼ਵਰੀ ਯੋਗ ਵਿੱਚ ਰਹਿਣ ਨਾਲ ਆਪਣੇ ਕੀਤੇ ਹੋਏ ਵਿਕਰਮ ਵਿਨਾਸ਼ ਕਰ ਰਹੇ ਹਨ। ਤਾਂ ਤੁਹਾਡਾ ਲਕਸ਼ ਹੋਇਆ ਮੈਂ ਆਤਮਾ ਪ੍ਰਮਾਤਮਾ ਦੀ ਸੰਤਾਨ ਹਾਂ। ਬਾਕੀ ਕੋਈ ਆਪਣੇ ਨੂੰ ਹਮ ਸੋ ਦੇਵਤਾ ਸਮਝ ਉਸ ਲਕਸ਼ ਵਿੱਚ ਸਥਿਤ ਰਹਿਣਗੇ ਤਾਂ ਫਿਰ ਜੋ ਪਰਮਾਤਮਾ ਦੀ ਸ਼ਕਤੀ ਹੈ ਉਹ ਮਿਲ ਨਹੀਂ ਸਕੇਗੀ। ਅਤੇ ਨਾ ਫਿਰ ਤੁਹਾਡੇ ਵਿਕਰਮ ਵਿਨਾਸ਼ ਹੋਣਗੇ, ਹੁਣ ਤੇ ਇਹ ਆਪਣੇ ਨੂੰ ਫੁੱਲ ਗਿਆਨ ਹੈ, ਮੈਂ ਆਤਮਾ ਪਰਮਾਤਮਾ ਦੀ ਸੰਤਾਨ ਕਰਮਾਤੀਤ ਹੋ ਭਵਿੱਖ ਵਿੱਚ ਜਾਕੇ ਜੀਵਨਮੁਕਤ ਦੇਵੀ ਦੇਵਤਾ ਪਦਵੀ ਪਾਉਣਗੇ, ਇਸ ਲਕਸ਼ ਵਿੱਚ ਰਹਿਣ ਨਾਲ ਉਹ ਤਾਕਤ ਮਿਲ ਜਾਂਦੀ ਹੈ। ਹੁਣ ਇਹ ਜੋ ਮਨੁੱਖ ਚਾਹੁੰਦੇ ਹਨ ਸਾਨੂੰ ਸੁਖ ਸ਼ਾਂਤੀ ਪਵਿੱਤਰਤਾ ਚਾਹੀਦੀ ਹੈ, ਉਹ ਵੀ ਜਦੋਂ ਪੂਰਨ ਯੋਗ ਹੋਵੇਗਾ ਤਾਂ ਹੀ ਪ੍ਰਾਪਤ ਹੋਏਗੀ। ਬਾਕੀ ਦੇਵਤਾ ਪਦਵੀ ਤਾਂ ਤੁਹਾਡੀ ਪ੍ਰਾਲਬੱਧ ਹੈ, ਆਪਣਾ ਪੁਰਸ਼ਾਰਥ ਵੱਖ ਹੈ ਅਤੇ ਆਪਣੀ ਪ੍ਰਾਲਬੱਧ ਵੀ ਵੱਖ ਹੈ। ਤਾਂ ਇਹ ਲਕਸ਼ ਵੀ ਵੱਖ ਹੈ, ਆਪਣੇ ਨੂੰ ਇਸ ਲਕਸ਼ ਵਿੱਚ ਨਹੀਂ ਰਹਿਣਾ ਹੈ ਕਿ ਮੈਂ ਪਵਿੱਤਰ ਆਤਮਾ ਆਖਰੀਨ ਪਰਮਾਤਮਾ ਦੀ ਬਣ ਜਾਵਾਂਗੀ, ਨਹੀਂ। ਪਰ ਸਾਨੂੰ ਪਰਮਾਤਮਾ ਦੇ ਨਾਲ ਯੋਗ ਲਗਾਏ ਪਵਿੱਤਰ ਆਤਮਾ ਬਣਨਾ ਹੈ, ਬਾਕੀ ਆਤਮਾ ਨੂੰ ਕੋਈ ਪਰਮਾਤਮਾ ਨਹੀਂ ਬਣਨਾ ਹੈ।

ਇਸ ਅਵਿਨਾਸ਼ੀ ਗਿਆਨ ਤੇ ਅਨੇਕ ਨਾਮ ਰੱਖੇ ਹੋਏ ਹਨ

ਇਸ ਅਵਿਨਾਸ਼ੀ ਈਸ਼ਵਰੀ ਗਿਆਨ ਤੇ ਅਨੇਕ ਨਾਮ ਧਰੇ ਗਏ ਹਨ (ਰੱਖੇ ਗਏ ਹਨ) ਕੋਈ ਇਸ ਗਿਆਨ ਨੂੰ ਅੰਮ੍ਰਿਤ ਵੀ ਕਹਿੰਦੇ ਹਨ, ਕਈ ਗਿਆਨ ਨੂੰ ਅੰਜਨ ਵੀ ਕਹਿੰਦੇ ਹਨ। ਗੁਰੂ ਨਾਨਕ ਨੇ ਕਿਹਾ ਗਿਆਨ ਅੰਜਨ ਗੁਰੂ ਦਿੱਤਾ, ਕਿਸੇ ਨੇ ਫਿਰ ਗਿਆਨ ਵਰਖਾ ਵੀ ਕਿਹਾ ਹੈ ਕਿਉਂਕਿ ਇਸ ਗਿਆਨ ਨਾਲ ਹੀ ਸਾਰੀ ਸ੍ਰਿਸ਼ਟੀ ਸਬਜ਼ ( ਹਰੀ ਭਰੀ) ਬਣ ਜਾਂਦੀ ਹੈ। ਜੋ ਵੀ ਤਮੋਪ੍ਰਧਾਨ ਮਨੁੱਖ ਹਨ ਉਹ ਸਤੋਗੁਣੀ ਮਨੁੱਖ ਬਣ ਜਾਂਦੇ ਹਨ ਅਤੇ ਗਿਆਨ ਅੰਜਨ ਨਾਲ ਹਨੇਰਾ ਮਿਟ ਜਾਂਦਾ ਹੈ। ਇਸ ਹੀ ਗਿਆਨ ਨੂੰ ਫਿਰ ਅੰਮ੍ਰਿਤ ਵੀ ਕਹਿੰਦੇ ਹਨ ਜਿਸ ਨਾਲ ਜੋ ਮਨੁੱਖ ਪੰਜ ਵਿਕਾਰਾਂ ਦੀ ਅਗਨੀ ਵਿੱਚ ਜਲ ਰਹੇ ਹਨ ਉਸ ਨਾਲ ਠੰਡੇ ਹੋ ਜਾਂਦੇ ਹਨ। ਦੇਖੋ ਗੀਤਾ ਵਿੱਚ ਪਰਮਾਤਮਾ ਸਾਫ਼ ਕਹਿੰਦਾ ਹੈ ਕਾਮੇਸ਼ੁ ਕ੍ਰੋਧੇਸ਼ੁ ਉਸ ਵਿੱਚ ਵੀ ਪਹਿਲੇ ਮੁਖ ਹੈ ਕਾਮ, ਜੋ ਹੀ ਪੰਜ ਵਿੱਕਾਰਾਂ ਵਿੱਚ ਮੁਖ ਬੀਜ਼ ਹੈ। ਬੀਜ਼ ਹੋਣ ਨਾਲ ਫਿਰ ਲੋਭ ਮੋਹ ਹੰਕਾਰ ਆਦਿ ਝਾੜ ਪੈਦਾ ਹੁੰਦਾ ਹੈ, ਉਸਨਾਲ ਮਨੁੱਖਾਂ ਦੀ ਬੁੱਧੀ ਭ੍ਰਿਸ਼ਟ ਹੋ ਜਾਂਦੀ ਹੈ। ਹੁਣ ਉਸ ਹੀ ਬੁੱਧੀ ਵਿੱਚ ਗਿਆਨ ਦੀ ਧਾਰਨਾ ਹੁੰਦੀ ਹੈ, ਜਦੋਂ ਗਿਆਨ ਦੀ ਧਾਰਨਾ ਪੂਰਨ ਬੁੱਧੀ ਵਿੱਚ ਹੋ ਜਾਂਦੀ ਹੈ ਉਦੋਂ ਹੀ ਵਿਕਾਰਾਂ ਦਾ ਬੀਜ਼ ਖ਼ਤਮ ਹੋ ਜਾਂਦਾ ਹੈ। ਲੋਕ ਤੇ ਸਿਰਫ ਇਵੇਂ ਹੀ ਕਹਿੰਦੇ ਹਨ ਕਿ ਮਰਿਆਦਾ ਵਿੱਚ ਰਹੋ, ਪਰ ਅਸਲ ਮਰਿਆਦਾ ਕਿਹੜੀ ਸੀ? ਉਹ ਮਰਿਆਦਾ ਤਾਂ ਅੱਜਕਲ ਟੁੱਟ ਗਈ ਹੈ, ਕਿੱਥੇ ਉਹ ਸਤਿਯੁਗੀ, ਤ੍ਰੇਤਾਯੁਗੀ ਦੇਵੀ ਦੇਵਤਾਵਾਂ ਦੀ ਮਰਿਆਦਾ, ਜੋ ਗ੍ਰਹਿਸਤ ਵਿੱਚ ਰਹਿਕੇ ਕਿਵੇਂ ਨਿਰਵਿਕਾਰੀ ਪ੍ਰਵ੍ਰਿਤੀ ਵਿੱਚ ਰਹਿੰਦੇ ਸਨ। ਹੁਣ ਉਹ ਸੱਚੀ ਮਰਿਆਦਾ ਕਿੱਥੇ ਹੈ? ਅੱਜਕਲ ਤਾਂ ਉਲਟੀ ਵਿਕਾਰੀ ਮਰਿਆਦਾ ਪਾਲਣਾ ਕਰ ਰਹੇ ਹਨ, ਇੱਕ ਦੋ ਨੂੰ ਇਵੇਂ ਸਿਖਾਉਂਦੇ ਹਨ ਕਿ ਮਰਿਆਦਾ ਤੇ ਚੱਲੋ। ਮਨੁੱਖ ਦਾ ਪਹਿਲਾ ਕੀ ਫਰਜ਼ ਹੈ, ਉਹ ਤਾਂ ਕੋਈ ਨਹੀਂ ਜਾਣਦਾ, ਬਸ ਇਨਾਂ ਹੀ ਪ੍ਰਚਾਰ ਕਰਦੇ ਹਨ ਕਿ ਮਰਿਆਦਾ ਵਿੱਚ ਰਹੋ, ਪਰ ਇਨਾ ਵੀ ਨਹੀਂ ਜਾਣਦੇ ਕਿ ਮਨੁੱਖ ਦੀ ਪਹਿਲੀ ਮਰਿਆਦਾ ਕਿਹੜੀ ਹੈ? ਮਨੁੱਖ ਦੀ ਪਹਿਲੀ ਮਰਿਆਦਾ ਹੈ ਨਿਰਵਿਕਾਰੀ ਬਣਨਾ, ਜੇਕਰ ਕਿਸੇ ਕੋਲੋਂ ਇਵੇਂ ਪੁੱਛਿਆ ਜਾਏ ਤੁਸੀਂ ਇਸ ਮਰਿਆਦਾ ਵਿੱਚ ਰਹਿੰਦੇ ਹੋ? ਤਾਂ ਕਹਿ ਦਿੰਦੇ ਹਨ ਅੱਜਕਲ ਇਸ ਕਲਿਯੁਗੀ ਸ੍ਰਿਸਟੀ ਵਿੱਚ ਨਿਰਵਿਕਾਰੀ ਹੋਣ ਦੀ ਹਿੰਮਤ ਨਹੀਂ ਹੈ। ਹੁਣ ਮੂੰਹ ਨਾਲ ਕਹਿਣਾ ਕਿ ਮਰਿਆਦਾ ਵਿੱਚ ਰਹੋ, ਨਿਰਵਿਕਾਰੀ ਬਣੋ ਇਸਨਾਲ ਕੋਈ ਨਿਰਵਿਕਾਰੀ ਬਣ ਨਹੀਂ ਸਕਦਾ। ਨਿਰਵਿਕਾਰੀ ਬਣਨ ਦੇ ਲਈ ਪਹਿਲੇ ਇਸ ਗਿਆਨ ਤਲਵਾਰ ਨਾਲ ਇਹਨਾਂ ਪੰਜ ਵਿਕਾਰਾਂ ਦੇ ਬੀਜ਼ ਨੂੰ ਖ਼ਤਮ ਕਰਨਾ ਹੈ ਤਾਂ ਹੀ ਵਿਕਰਮ ਭਸਮ ਹੋ ਸਕਣਗੇ। ਅੱਛਾ। ਓਮ ਸ਼ਾਂਤੀ।